**ਗ੍ਰੇਡ ਬਦਲੀ ਚਾਰਟ:** ਹੇਠਾਂ ਦਿੱਤੇ ਚਾਰਟ ਦੇ ਪਹਿਲੇ ਦੋ ਕਾਲਮ ਅੰਤਰਰਾਸ਼ਟਰੀ ਬੈਕਲੋਰੇਟ ਸੰਗਠਨ ਤੋਂ ਹਨ। ਇਹ ਵਿਦਿਆਰਥੀ ਦੇ ਕ੍ਰਾਈਟੀਰੀਅਨ ਲੈਵਲ ਟੋਟਲ (CLT) ਨਾਲ ਜੁੜੇ ਕੰਮ ਦੀ ਕੁਆਲਿਟੀ, ਸਮਝ ਦੀ ਡੂੰਘਾਈ, ਸਰਗਰਮ ਸ਼ਮੂਲੀਅਤ, ਸਿੱਖਣ ਦੀ ਜ਼ਿੰਮੇਵਾਰੀ, ਅਤੇ ਆਲੋਚਨਾਤਮਕ ਅਤੇ ਰਚਨਾਤਮਕ ਸੋਚ ਦੇ ਪੱਧਰ ਦੇ ਵੇਰਵੇ ਪ੍ਰਦਾਨ ਕਰਦੇ ਹਨ। ਅਗਲੇ ਕਾਲਮ CLTs ਨੂੰ ਲੈਟਰ ਗ੍ਰੇਡਾਂ ਅਤੇ GPA ਵਿੱਚ ਬਦਲਦੇ ਹਨ।

**ਟ੍ਰਾਂਸਕ੍ਰਿਪਟ ਗ੍ਰੇਡ ਦੇ ਬਰਾਬਰ ਅੰਕ**

<table>
<tr><th>CLT</th><th>ਵਰਣਨਕਰਤਾ</th><th>ਲੈਟਰ</th></tr>
<tr><td>40<br>39<br>38</td><td rowspan="2">ਵਧੀਆ ਕੁਆਲਿਟੀ ਵਾਲਾ, ਅਕਸਰ ਨਵੀਨਤਾਕਾਰੀ ਕੰਮ ਪੇਸ਼ ਕਰਦਾ ਹੈ। ਸੰਕਲਪਾਂ ਅਤੇ ਸੰਦਰਭਾਂ ਦੀ ਪੂਰੀ, ਡੂੰਘੀ ਸਮਝ ਨੂੰ ਸਪਸ਼ਟ ਦਰਸਾਉਂਦਾ ਹੈ। ਨਿਰੰਤਰ ਰੂਪ ਵਿੱਚ ਬਹੁਤ ਵਧੀਆ ਉੱਨਤ ਆਲੋਚਨਾਤਮਕ ਅਤੇ ਰਚਨਾਤਮਕ ਸੋਚ ਦਾ ਪ੍ਰਦਰਸ਼ਨ ਕਰਦਾ ਹੈ। ਅਕਸਰ ਕਲਾਸਰੂਮ ਅਤੇ ਅਸਲ-ਜੀਵਨ ਦੀਆਂ ਕਈ ਤਰ੍ਹਾਂ ਦੀਆਂ ਗੁੰਝਲਦਾਰ ਸਥਿਤੀਆਂ ਵਿੱਚ ਆਪਣੇ ਆਪ ਅਤੇ ਮੁਹਾਰਤ ਨਾਲ ਗਿਆਨ ਅਤੇ ਹੁਨਰਾਂ ਨੂੰ ਵਰਤੋਂ ਵਿੱਚ ਲਿਆਉਂਦਾ ਹੈ। ਨਿਯਮਿਤ ਤੌਰ ‘ਤੇ ਪੜ੍ਹਾਈ ਵਿੱਚ ਪੂਰੀ ਸ਼ਮੂਲੀਅਤ ਅਤੇ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ।</td><td>A+</td></tr>
<tr><td>37<br>36</td><td>A</td></tr>
<tr><td>35<br>34<br>33</td><td rowspan="2">ਵਧੀਆ ਕੁਆਲਿਟੀ ਵਾਲਾ, ਕਦੇ-ਕਦਾਈਂ ਨਵੀਨਤਾਕਾਰੀ ਕੰਮ ਪੇਸ਼ ਕਰਦਾ ਹੈ। ਸੰਕਲਪਾਂ ਅਤੇ ਸੰਦਰਭਾਂ ਦੀ ਵਿਆਪਕ ਸਮਝ ਨੂੰ ਪ੍ਰਗਟਾਉਂਦਾ ਹੈ। ਅਕਸਰ ਸੂਝ-ਬੂਝ ਨਾਲ, ਆਲੋਚਨਾਤਮਕ ਅਤੇ ਸਿਰਜਣਾਤਮਕ ਸੋਚ ਦਾ ਪ੍ਰਦਰਸ਼ਨ ਕਰਦਾ ਹੈ। ਕਲਾਸਰੂਮ ਅਤੇ ਅਸਲ ਜੀਵਨ ਦੀਆਂ ਜਾਣੀਆਂ-ਪਛਾਣੀਆਂ ਅਤੇ ਅਣਜਾਣ ਸਥਿਤੀਆਂ ਵਿੱਚ ਅਕਸਰ ਆਪਣੇ ਆਪ, ਗਿਆਨ ਅਤੇ ਹੁਨਰਾਂ ਦੀ ਵਰਤੋਂ ਕਰਦਾ ਹੈ। ਆਮ ਤੌਰ ‘ਤੇ ਪੜ੍ਹਾਈ ਵਿੱਚ ਪੂਰੀ ਸ਼ਮੂਲੀਅਤ ਅਤੇ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ।</td><td>A-</td></tr>
<tr><td>32<br>31<br>30</td><td>B+</td></tr>
<tr><td>29<br>28<br>27</td><td rowspan="2">ਆਮ ਤੌਰ 'ਤੇ ਵਧੀਆ ਕੁਆਲਿਟੀ ਵਾਲਾ ਕੰਮ ਪੇਸ਼ ਕਰਦਾ ਹੈ। ਸੰਕਲਪਾਂ ਅਤੇ ਸੰਦਰਭਾਂ ਦੀ ਮਜ਼ਬੂਤ ਸਮਝ ਨੂੰ ਦਰਸਾਉਂਦਾ ਹੈ। ਆਲੋਚਨਾਤਮਕ ਅਤੇ ਸਿਰਜਣਾਤਮਕ ਸੋਚ ਦਾ ਪ੍ਰਦਰਸ਼ਨ ਕਰਦਾ ਹੈ, ਕਈ ਵਾਰ ਸੂਝ-ਬੂਝ ਨਾਲ। ਕਲਾਸਰੂਮ ਅਤੇ ਅਸਲ ਜੀਵਨ ਦੀਆਂ ਜਾਣੀਆਂ-ਪਛਾਣੀਆਂ ਸਥਿਤੀਆਂ ਵਿੱਚ ਅਤੇ, ਕੁਝ ਅਣਜਾਣ ਸਥਿਤੀਆਂ ਵਿੱਚ ਸਹਿਯੋਗ ਦੇ ਨਾਲ ਗਿਆਨ ਅਤੇ ਹੁਨਰਾਂ ਦੀ ਵਰਤੋਂ ਕਰਦਾ ਹੈ। ਆਮ ਤੌਰ ‘ਤੇ ਪੜ੍ਹਾਈ ਵਿੱਚ ਪੂਰੀ ਸ਼ਮੂਲੀਅਤ ਅਤੇ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ।</td><td>B</td></tr>
<tr><td>26<br>25<br>24</td><td>B-</td></tr>
<tr><td>23<br>22</td><td rowspan="3">ਵਧੀਆ ਕੁਆਲਿਟੀ ਵਾਲਾ ਕੰਮ ਪੇਸ਼ ਕਰਦਾ ਹੈ। ਜ਼ਿਆਦਾਤਰ ਸੰਕਲਪਾਂ ਅਤੇ ਸੰਦਰਭਾਂ ਦੀ ਬੁਨਿਆਦੀ ਸਮਝ ਨੂੰ ਘੱਟ ਗਲਤੀਆਂ ਅਤੇ ਮਾਮੂਲੀ ਕਮੀਆਂ ਦੇ ਨਾਲ ਦਰਸਾਉਂਦਾ ਹੈ। ਅਕਸਰ ਬੁਨਿਆਦੀ ਆਲੋਚਨਾਤਮਕ ਅਤੇ ਸਿਰਜਣਾਤਮਕ ਸੋਚ ਦਾ ਪ੍ਰਦਰਸ਼ਨ ਕਰਦਾ ਹੈ। ਕਲਾਸਰੂਮ ਦੀਆਂ ਜਾਣੀਆਂ-ਪਛਾਣੀਆਂ ਸਥਿਤੀਆਂ ਵਿੱਚ ਕੁਝ ਲਚੀਲੇਪਣ ਦੇ ਨਾਲ ਗਿਆਨ ਅਤੇ ਹੁਨਰ ਦੀ ਵਰਤੋਂ ਕਰਦਾ ਹੈ, ਪਰ ਅਣਜਾਣ ਸਥਿਤੀਆਂ ਵਿੱਚ ਸਹਿਯੋਗ ਦੀ ਲੋੜ ਹੁੰਦੀ ਹੈ। ਪੜ੍ਹਾਈ ਵਿੱਚ ਪੂਰੀ ਸ਼ਮੂਲੀਅਤ ਅਤੇ ਜ਼ਿੰਮੇਵਾਰੀ ਨੂੰ ਕਦੇ-ਕਦਾਈਂ ਦਰਸਾਉਂਦਾ ਹੈ।<br><br>↑ **ਮਾਹਰ** ↑<br>(3 ਤੋਂ ਘੱਟ ਕੋਈ ਸਕੋਰ ਨਹੀਂ।) ਦੋ ਤੋਂ ਵੱਧ ਵਾਰ 3 ਦਾ ਸਕੋਰ ਨਹੀਂ। ਘੱਟੋ-ਘੱਟ ਪਾਸਿੰਗ ਸਕੋਰ = 4+4+4+3+3.)</td><td>C+</td></tr>
<tr><td>21<br>20</td><td>C</td></tr>
<tr><td>19<br>18</td><td>C-</td></tr>
<tr><td>17<br>16</td><td rowspan="3">ਕੰਮ ਦੀ ਕੁਆਲਟੀ ਇਕਸਾਰ ਨਹੀਂ ਹੁੰਦੀ। ਕਈ ਸੰਕਲਪਾਂ ਅਤੇ ਸੰਦਰਭਾਂ ਦੀ ਬੁਨਿਆਦੀ ਸਮਝ ਦਰਸਾਉਂਦਾ ਹੈ, ਕਦੇ-ਕਦਾਈਂ ਮਹੱਤਵਪੂਰਨ ਗਲਤੀਆਂ ਜਾਂ ਕਮੀਆਂ ਦੇ ਨਾਲ। ਕੁਝ ਬੁਨਿਆਦੀ ਆਲੋਚਨਾਤਮਕ ਅਤੇ ਸਿਰਜਣਾਤਮਕ ਸੋਚ ਦਾ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਰਿਹਾ ਹੈ। ਗਿਆਨ ਅਤੇ ਹੁਨਰਾਂ ਦੀ ਵਰਤੋਂ ਵਿੱਚ ਅਕਸਰ ਲਚੀਲਾਪਣ ਨਹੀਂ ਦਿਖਾਉਂਦਾ, ਜਾਣੀਆਂ-ਪਛਾਣੀਆਂ ਕਲਾਸਰੂਮ ਸਥਿਤੀਆਂ ਵਿੱਚ ਵੀ ਸਹਾਇਤਾ ਦੀ ਲੋੜ ਹੁੰਦੀ ਹੈ। ਕਦੇ-ਕਦਾਈਂ ਸਿੱਖਣ ਦੇ ਸਰਗਰਮ ਹੁਨਰ ਦਿਖਾਉਂਦਾ ਹੈ।</td><td rowspan="5">NY<br>(ਹਾਲੇ ਨਹੀ)</td></tr>
<tr><td>15<br>14</td></tr>
<tr><td>13<br>12</td></tr>
<tr><td>11<br>10<br>9<br>8</td><td>ਸੀਮਤ ਕੁਆਲਿਟੀ ਵਾਲਾ ਕੰਮ ਕਰਦਾ ਹੈ। ਬਹੁਤ ਸਾਰੇ ਸੰਕਲਪਾਂ ਅਤੇ ਸੰਦਰਭਾਂ ਨੂੰ ਸਮਝਣ ਵਿੱਚ ਗਲਤੀਆਂ ਜਾਂ ਮਹੱਤਵਪੂਰਨ ਕਮਜ਼ੋਰੀਆਂ ਨੂੰ ਪ੍ਰਗਟਾਉਂਦਾ ਹੈ। ਆਲੋਚਨਾਤਮਕ ਜਾਂ ਰਚਨਾਤਮਕ ਸੋਚ ਦਾ ਪ੍ਰਦਰਸ਼ਨ ਘੱਟ ਹੀ ਕਰਦਾ ਹੈ। ਆਮ ਤੌਰ 'ਤੇ ਗਿਆਨ ਅਤੇ ਹੁਨਰਾਂ ਦੀ ਵਰਤੋਂ ਵਿੱਚ ਲਚਕਦਾਰ ਨਹੀਂ ਹੁੰਦਾ, ਗਿਆਨ ਅਤੇ ਹੁਨਰਾਂ ਦੀ ਵਰਤੋਂ ਬਹੁਤ ਘੱਟ ਕਰਦਾ ਹੈ ਸਿੱਖਣ ਦੇ ਸਰਗਰਮ ਹੁਨਰ ਬਹੁਤ ਘੱਟ ਹੀ ਦਿਖਾਉਂਦਾ ਹੈ।</td></tr>
<tr><td>0-7</td><td>ਬਹੁਤ ਹੀ ਸੀਮਤ ਕੁਆਲਿਟੀ ਵਾਲਾ ਕੰਮ ਕਰਦਾ ਹੈ। ਬਹੁਤ ਸਾਰੀਆਂ ਮਹੱਤਵਪੂਰਨ ਗਲਤੀਆਂ ਪ੍ਰਗਟ ਕਰਦਾ ਹੈ ਜਾਂ ਜ਼ਿਆਦਾਤਰ ਸੰਕਲਪਾਂ ਅਤੇ ਸੰਦਰਭਾਂ ਨੂੰ ਨਹੀਂ ਸਮਝਦਾ। ਆਲੋਚਨਾਤਮਕ ਜਾਂ ਰਚਨਾਤਮਕ ਸੋਚ ਦਾ ਪ੍ਰਦਰਸ਼ਨ ਬਹੁਤ ਵਿਰਲੇ ਹੀ ਕਰਦਾ ਹੈ। ਲਚਕੀਲਾਪਣ ਬਹੁਤ ਘੱਟ ਹੈ, ਗਿਆਨ ਜਾਂ ਹੁਨਰਾਂ ਦੀ ਵਰਤੋਂ ਘੱਟ ਹੀ ਕਰਦਾ ਹੈ। ਸਿੱਖਣ ਦੇ ਸਰਗਰਮ ਹੁਨਰ ਬਹੁਤ ਘੱਟ ਹੀ ਦਿਖਾਉਂਦਾ ਹੈ।</td></tr>
</table>